# Meeting of Bangladesh, Bhutan, India and Nepal Motor Vehicles Agreement (BBIN MVA)

March 08, 2022

.....................

## ਬੰਗਲਾਦੇਸ਼, ਭੂਟਾਨ, ਭਾਰਤ ਅਤੇ ਨੇਪਾਲ ਮੋਟਰ ਗੱਡੀ ਸਮਝੌਤਾ (BBIN MVA) ਦੀ ਮੀਟਿੰਗ

8 ਮਾਰਚ, 2022

1. BBIN MVA ਬਾਰੇ ਭਾਰਤ, ਬੰਗਲਾਦੇਸ਼ ਅਤੇ ਨੇਪਾਲ ਦੀ ਮੀਟਿੰਗ 7-8 ਮਾਰਚ, 2022 ਨੂੰ ਨਵੀਂ ਦਿੱਲੀ ਵਿਖੇ ਹੋਈ। ਭੂਟਾਨ ਨੇ ਆਬਜ਼ਰਵਰ ਵਜੋਂ ਇਸ ਮੀਟਿੰਗ ਵਿੱਚ ਹਿੱਸਾ ਲਿਆ। ਭਾਰਤੀ ਵਫ਼ਦ ਦੀ ਅਗਵਾਈ ਵਿਦੇਸ਼ ਮੰਤਰਾਲੇ ਦੀ ਸੰਯੁਕਤ ਸਕੱਤਰ ਸ਼੍ਰੀਮਤੀ ਸਮਿਤਾ ਪੰਤ ਨੇ ਕੀਤੀ। ਬੰਗਲਾਦੇਸ਼ੀ ਵਫ਼ਦ ਦੀ ਅਗਵਾਈ ਵਿਦੇਸ਼ ਮੰਤਰਾਲੇ ਅੰਦਰ ਡਾਇਰੈਕਟਰ ਜਨਰਲ (ਦੱਖਣ ਏਸ਼ੀਆ) ਸ਼੍ਰੀ ਏ.ਟੀ.ਐਮ. ਰੋਕੇਬੁਲ ਹੱਕ ਨੇ ਕੀਤੀ। ਨੇਪਾਲੀ ਵਫ਼ਦ ਦੀ ਅਗਵਾਈ ਭੌਤਿਕ ਬੁਨਿਆਦੀ ਢਾਂਚਾ ਅਤੇ ਆਵਾਜਾਈ ਮੰਤਰਾਲੇ ਦੇ ਸੰਯੁਕਤ ਸਕੱਤਰ ਸ਼੍ਰੀ ਕੇਸ਼ਬ ਕੁਮਾਰ ਸ਼ਰਮਾ ਨੇ ਕੀਤੀ। ਭੂਟਾਨੀ ਆਬਜ਼ਰਵਰ ਟੀਮ ਦੀ ਅਗਵਾਈ ਨਵੀਂ ਦਿੱਲੀ ਵਿੱਚ ਰਾਇਲ ਭੂਟਾਨੀ ਦੂਤਾਵਾਸ ਦੇ ਪਹਿਲੇ ਸਕੱਤਰ ਸ਼੍ਰੀ ਥਿਨਲੇ ਨੌਰਬੂ ਨੇ ਕੀਤੀ।

2. ਇਹ ਮੀਟਿੰਗ ਬੰਗਲਾਦੇਸ਼, ਭੂਟਾਨ, ਭਾਰਤ ਅਤੇ ਨੇਪਾਲ ਵਿਚਕਾਰ 15 ਜੂਨ, 2015 ਨੂੰ ਹੋਏ ਯਾਤਰੀ, ਨਿੱਜੀ ਅਤੇ ਕਾਰਗੋ ਵਾਹਨਾਂ ਦੀ ਆਵਾਜਾਈ ਦੇ ਨਿਯਮ ਸਬੰਧੀ BBIN ਮੋਟਰ ਗੱਡੀ ਸਮਝੌਤੇ (MVA) ਨੂੰ ਲਾਗੂ ਕਰਨ ਲਈ ਲੋੜੀਂਦੇ ਯਾਤਰੀ ਅਤੇ ਕਾਰਗੋ ਪ੍ਰੋਟੋਕੋਲ ਬਾਰੇ ਚਰਚਾ ਕਰਨ ਲਈ ਕੀਤੀ ਗਈ ਸੀ। ਕੋਵਿਡ-19 ਮਹਾਂਮਾਰੀ ਦੇ ਫੈਲਣ ਤੋਂ ਬਾਅਦ ਇਹ ਗਰੁੱਪ ਦੀ ਪਹਿਲੀ ਮੀਟਿੰਗ ਹੈ। ਪਿਛਲੀ ਮੀਟਿੰਗ ਫਰਵਰੀ 2020 ਵਿੱਚ ਨਵੀਂ ਦਿੱਲੀ ਵਿਖੇ ਹੋਈ ਸੀ।

3. ਮੀਟਿੰਗ ਦੌਰਾਨ ਤਿੰਨਾਂ ਦੇਸ਼ਾਂ ਦੁਆਰਾ BBIN MVA ਨੂੰ ਲਾਗੂ ਕਰਨ ਲਈ ਭਾਰਤ, ਬੰਗਲਾਦੇਸ਼ ਅਤੇ ਨੇਪਾਲ ਨੇ ਇੱਕ ਸਮਰੱਥ MOU ਤੇ ਹਸਤਾਖਰ ਕੀਤੇ, ਜਿਸ ਨੂੰ ਭੂਟਾਨ ਦੁਆਰਾ MVA ਦੀ ਬਕਾਇਆ ਪ੍ਰਵਾਨਗੀ ਲਈ ਰੱਖਿਆ ਗਿਆ ਹੈ. BBIN MVA ਨੂੰ ਲਾਗੂ ਕਰਨ ਲਈ ਉੱਚ ਪੱਧਰ 'ਤੇ ਕੀਤੀਆਂ ਗਈਆਂ ਵਚਨਬੱਧਤਾਵਾਂ ਨੂੰ ਚੇਤੇ ਕਰਦੇ ਹੋਏ ਵਫ਼ਦਾਂ ਨੇ ਇਸਨੂੰ ਲਾਗੂ ਕਰਨ ਨੂੰ ਰਫਤਾਰ ਦੇਣ ਲਈ ਜਲਦੀ ਤੋਂ ਜਲਦੀ MOU 'ਤੇ ਦਸਤਖਤ ਕਰਨ ਦੀ ਇੱਛਾ ਪ੍ਰਗਟਾਈ।

4. ਸਾਰੇ ਭਾਗੀ ਦੇਸ਼ਾਂ ਨੇ ਵਪਾਰ ਅਤੇ ਲੋਕ ਪੱਧਰੀ ਸੰਪਰਕ ਨੂੰ ਸੁਖਾਲਾ ਬਣਾਉਣ ਲਈ ਆਪਣੇ ਦਰਮਿਆਨ ਸਹਿਜ ਆਵਾਜਾਈ ਮੁਮਕਿਨ ਬਣਾਉਣ ਲਈ BBIN MVA ਨੂੰ ਤੇਜ਼ੀ ਨਾਲ ਚਾਲੂ ਕਰਨ ਦੇ ਮਹੱਤਵ 'ਤੇ ਜ਼ੋਰ ਦਿੱਤਾ। ਯਾਤਰੀ ਅਤੇ ਕਾਰਗੋ ਪ੍ਰੋਟੋਕੋਲ ਨੂੰ ਅੰਤਿਮ ਰੂਪ ਦੇਕੇ MVA ਨੂੰ ਚਾਲੂ ਕਰਨ ਨਾਲ ਇਸ ਉਪ-ਖੇਤਰ ਅੰਦਰ ਵਧੇਰੇ ਸਹਿਯੋਗ ਨੂੰ ਉਤਸ਼ਾਹ ਮਿਲੇਗਾ ਅਤੇ BBIN ਦੇਸ਼ਾਂ

ਵਿਚਕਾਰ ਵਪਾਰ ਅਤੇ ਲੋਕ ਪੱਧਰੀ ਸੰਪਰਕ ਦੀ ਪੂਰੀ ਸੰਭਾਵਨਾ ਨੂੰ ਅਸਲ ਰੂਪ ਦੇਣ ਵਿੱਚ ਮਦਦ ਮਿਲੇਗੀ।

5. ਭਾਗ ਲੈਣ ਵਾਲੇ ਡੈਲੀਗੇਟਾਂ ਨੇ BBIN MVA ਨੂੰ ਲਾਗੂ ਕਰਨ ਲਈ ਯਾਤਰੀ ਅਤੇ ਕਾਰਗੋ ਪ੍ਰੋਟੋਕੋਲ ਨੂੰ ਤੇਜ਼ੀ ਨਾਲ ਅੰਤਿਮ ਰੂਪ ਦੇਣ ਲਈ ਖਾਸ ਕਦਮਾਂ ਅਤੇ ਸਮਾਂ-ਸੀਮਾਵਾਂ 'ਤੇ ਸਹਿਮਤੀ ਦਿੱਤੀ। ਏਸ਼ੀਅਨ ਡਿਵੈਲਪਮੈਂਟ ਬੈਂਕ ਨੇ ਮੀਟਿੰਗ ਲਈ ਤਕਨੀਕੀ ਅਤੇ ਗਿਆਨ ਸਹਾਇਤਾ ਪ੍ਰਦਾਨ ਕੀਤੀ।

ਨਵੀਂ ਦਿੱਲੀ
8 ਮਾਰਚ, 2022

DISCLAIMER: This is an approximate translation. The original is available in English on MEA’s website and may be referred to as the official press release.